بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 07.10.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਜਲਸੇ ਵਿੱਚ ਇਸ ਲਈ ਇਕਤੱਰ ਹੋਣ ਕਿ ਦੀਨੀ (ਧਾਰਮਕ) ਗਿਆਨ ਵਿੱਚ ਵਾਧਾ ਹੋਵੇ ਅਤੇ ਜਾਨਕਾਰੀ ਵਧੇ ਇਸ ਲਈ ਇਕਤੱਰ ਹੋਣ ਕਿ ਮਆਰਫ਼ਤ ਵਿੱਚ ਤਰੱਕੀ ਹੋਵੇ ।

ਜੇਕਰ ਰੂਹਾਨੀਯਤ ਵਿੱਚ ਤਰੱਕੀ ਨਹੀਂ ਤਾਂ ਜਲਸੇ ਵਿੱਚ ਸ਼ਾਮਲ ਹੋਣਾ ਵਿਅਰਥ ਹੈ

ਜਲਸੇ ਦੇ ਤਿੰਨ ਦਿਨ ਵਿਸ਼ੇਸ਼ ਤੌਰ'ਤੇ ਦੁਆਵਾਂ ਵਿੱਚ ਲੰਘਾਓ ਅਤੇ ਜਲਸੇ ਦੇ ਪ੍ਰੋਗਰਾਮਾਂ ਨੂੰ ਹਾਜ਼ਰ ਹੋਕੇ ਵੱਧ ਤੋਂ ਵੱਧ ਸੁਣੋ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 07 ਅਕਤੂਬਰ 2016 ਈ. ਨੂੰ ਕੈਨੇਡਾ ਵਿੱਚ ਦਿੱਤਾ ।

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਰੱਬ ਦੀ ਮਿਹਰ ਨਾਲ ਜਮਾਤ ਅਹਮਦੀਆ ਕੈਨੇਡਾ ਦਾ ਜਲਸਾ ਸ਼ੁਰੂ ਹੋ ਰਿਹਾ ਹੈ । ਰੱਬ ਦੀ ਮਿਹਰ ਨਾਲ ਹਰ ਸਾਲ ਦੁਨੀਆ ਦੀਆਂ ਜਮਾਤਾਂ ਆਪਣੇ ਆਪਣੇ ਦੇਸ਼ ਵਿੱਚ ਜਲਸਾ ਸਾਲਾਨਾਂ ਆਯੋਜਤ ਕਰਦੀਆਂ ਹਨ । ਕਿਉਂ ? ਇਸ ਲਈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਲਾਹੀ ਆਦੇਸ਼ ਪ੍ਰਾਪਤ ਕਰਕੇ ਇਸ ਦਾ ਅਰੰਭ ਕੀਤਾ ਸੀ ਅਤੇ ਫ਼ਰਮਾਇਆ ਕਿ ਸਾਲ ਵਿੱਚ ਤਿੰਨ ਦਿਨ ਕਾਦੀਆਂ ਵਿੱਚ ਇਕਤੱਰ ਹੋਣ । ਇਸ ਲਈ ਇਕਤੱਰ ਨ ਹੋਣ ਕਿ ਅਸੀਂ ਕੋਈ ਮੇਲਾ ਲਾਉਣਾ ਹੈ, ਕੋਈ ਵਿਅਰਥ ਖੇਡ ਤਮਾਸ਼ਾ ਕਰਨਾ ਹੈ ਜਾਂ ਕੋਈ ਸੰਸਾਰਕ ਉਦੇਸ਼ ਪ੍ਰਾਪਤ ਕਰਨਾ ਹੈ, ਨਹੀਂ, ਸਗੋਂ ਇਸ ਲਈ ਇਕਤੱਰ ਹੋਣ ਕਿ ਦੀਨੀ (ਧਾਰਮਕ) ਗਿਆਨ ਵਿੱਚ ਵਾਧਾ ਹੋਵੇ ਅਤੇ ਜਾਣਕਾਰੀ ਵਧੇ । ਇਸ ਲਈ ਇਕਤੱਰ ਹੋਣ ਕਿ ਮਆਰਫ਼ਤ ਵਿੱਚ ਵਾਧਾ ਹੋਵੇ । ਮਆਰਫ਼ਤ ਕੀ ਹੈ ? ਕਿਸੇ ਚੀਜ਼ ਦਾ ਗਿਆਨ ਹੋਣਾ ਉਸ ਦੀ ਡੂੰਘਿਆਈ ਨੂੰ ਜਾਨਣਾ ਇਹ ਮਆਰਫ਼ਤ ਹੈ । ਆਪ ਕਿਹੜੀ ਮਆਰਫ਼ਤ ਵਿੱਚ ਤਰੱਕੀ ਕਰਵਾਉਂਣਾ ਚਾਹੁੰਦੇ ਸਨ ? ਆਪ ਚਾਹੁੰਦੇ ਸਨ ਕਿ ਕੇਵਲ ਉਪੱਰੀ ਤੌਰ'ਤੇ ਇਸ ਗੱਲ ਦਾ ਇਜ਼ਹਾਰ ਨ ਹੋਵੇ ਕਿ ਅਸੀਂ ਮੁਸਲਮਾਨ ਹਾਂ ਜਾਂ ਅਸੀਂ ਕਲਿਮਾ ( لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ ) ''ਲਾ ਇਲਾਹਾ ਇਲਲੱਾਹੁ ਮੁਹਮੱਦੁਰ ਰਸੂਲੁਲੱਾਹਿ'' ਪੜ੍ਹਨ ਵਾਲੇ ਹਾਂ, ਸਗੋਂ ਇਸਲਾਮ ਵਿੱਚ ਆਉਣ ਤੋਂ ਬਾਦ ਆਪਣੇ ਈਮਾਨ ਵਿੱਚ ਤਰੱਕੀ ਕਰਨੀ ਹੈ । ਅਸੀਂ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਅਲੱਾਹ ਦਾ ਰਸੂਲ ਮੰਨਿਆ ਹੈ, ਖ਼ਾਤਾਮੁਲ ਅੰਬਿਆ ਮੰਨਿਆ ਹੈ ਤਾਂ ਫਿਰ ਆਪਦੇ ਆਦੇਸ਼ਾਂ ਅਤੇ ਆਪ ਦੀ ਸੁਨੱਤਾਂ ਨੂੰ ਜਾਨਣ ਅਤੇ ਉਸ'ਤੇ ਅਮਲ ਕਰਨ ਦੇ ਮਾਰਗ ਢੂੰਡਣੇ ਹਨ ।

ਫਿਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ : ਜਲਸੇ ਦਾ ਇਹ ਮੰਤਵ ਹੈ ਕਿ ਰੂਹਾਨੀਯਤ (ਆਤਮਕਤਾ) ਵਿੱਚ ਤਰੱਕੀ ਹੋਵੇ । ਜੱਦ ਮਆਰਫ਼ਤ ਪ੍ਰਾਪਤ ਹੋ ਜਾਵੇ ਤਾਂ ਕੇਵਲ ਵਿਦਿਅਕ ਆਨੰਦ ਤੱਕ ਹੀ ਇਹ ਮਆਰਫ਼ਤ ਸੀਮਤ ਨ ਰਹੇ ਸਗੋਂ ਇਸ ਨੂੰ ਰੂਹਾਨੀਯਤ ਤੇ ਅਮਲ ਵਿੱਚ ਤਰੱਕੀ ਦਾ ਸਾਧਨ ਬਣਨਾ ਚਾਹੀਦਾ ਹੈ । ਜੇਕਰ ਰੂਹਾਨੀਯਤ ਵਿੱਚ ਤਰੱਕੀ ਨਹੀਂ ਤਾਂ ਜਲਸੇ ਵਿੱਚ ਸ਼ਾਮਲ ਹੋਣਾ ਵਿਅਰਥ ਹੈ । ਫਿਰ ਆਪ ਨੇ ਫ਼ਰਮਾਇਆ ਕਿ ਜਲਸੇ ਦਾ ਇਕ ਲਾਭ ਇਹ ਹੈ ਅਤੇ ਇਸ ਦੇ ਲਈ ਹਰ ਆਉਣ ਵਾਲੇ ਨੂੰ ਜਤਨ ਕਰਨਾ ਚਾਹੀਦਾ ਹੈ ਕਿ ਆਪੋ ਵਿੱਚ ਪਛਾਣ ਵਧੇ ਅਤੇ ਕੇਵਲ ਸੰਸਾਰਕ ਲੋਕਾਂ ਵਾਂਗ ਵਕਤੀ ਸੰਬੰਧ ਨ ਹੋਵੇ ਸਗੋਂ ਹਰ ਅਹਮਦੀ ਨੂੰ ਦੂਜੇ ਅਹਮਦੀ ਨਾਲ ਪ੍ਰੇਮ ਤੇ ਭਾਈਚਾਰੇ ਦੇ ਸੰਬੰਧ ਵਿੱਚ ਤਰੱਕੀ ਕਰਨੀ ਚਾਹੀਦੀ ਹੈ ਅਤੇ ਇਹ ਸੰਬੰਧ ਐਨ੍ਹਾ ਮਜ਼ਬੂਤ ਤੇ ਪਕੱਾ ਹੋ ਜਾਵੇ ਕਿ ਕੋਈ ਗੱਲ ਇਸ ਸੰਬੰਧ ਵਿੱਚ ਵਿੱਥ ਨ ਪਾ ਸਕੇ, ਇਸ ਨੂੰ ਤੋੜ ਨ ਸਕੇ । ਫਿਰ ਆਪ ਨੇ ਫ਼ਰਮਾਇਆ ਕਿ ਸਜੰਮਤਾ ਵਿੱਚ ਤਰੱਕੀ ਕਰੋ । ਇਹ ਜਲਸੇ ਦੇ ਉਦੇਸ਼ਿਆਂ ਵਿੱਚੋਂ ਬਹੁਤ ਮਹਤੱਵਪੂਰਨ ਹੈ, ਇਸ ਤੋਂ ਬਿਨਾ ਇਕ ਮੋਮਿਨ ਹਕੀਕੀ ਮੋਮਿਨ ਨਹੀਂ ਬਣ ਸਕਦਾ ਅਤੇ ਤਕਵਾ (ਸੰਜਮਤਾ) ਇਹੋ ਹੈ ਕਿ ਜੋ ਗਿਆਨ ਹਾਸਲ ਕੀਤਾ ਹੈ ਜੋ ਰੂਹਾਨੀਯਤ ਦਾ ਮਿਆਰ ਪ੍ਰਾਪਤ ਕੀਤਾ ਹੈ ਰੱਬ ਅਤੇ ਉਸ ਦੇ ਰਸੂਲ ਨੇ ਜੋ ਪ੍ਰੇਮ ਦਾ ਸੰਬੰਧ ਕਾਇਮ ਕੀਤਾ ਹੈ, ਆਪੋ ਵਿੱਚ ਸੰਬੰਧਾਂ ਵਿੱਚ ਜੋ ਸੁੰਦਰਤਾ ਪੈਦਾ ਕੀਤੀ ਹੈ, ਉਸ ਵਿੱਚ ਨਿਰੰਤਰਤਾ ਪੈਦਾ ਕਰੋ, ਉਸ ਨੂੰ ਸਦੈਵ ਜਾਰੀ ਰੱਖੋ, ਉਸ ਨੂੰ ਬਕਾਇਦਾ ਆਪਣੇ ਜੀਵਨ ਦਾ ਹਿਸੱਾ ਬਣਾਓ ।

ਸੋ, ਇਹ ਉਹ ਗੱਲਾਂ ਸਨ ਜਿਸ ਲਈ ਆਪ ਅਲੈਹਿ ਸਲਾਮ ਨੇ ਜਲਸਾ ਸਾਲਾਨਾ ਦਾ ਆਯੋਜਨ ਕੀਤਾ ਅਤੇ ਫ਼ਰਮਾਇਆ ਕਿ ਹਰ ਸਾਲ ਇਸ ਉਦੇਸ਼ ਲਈ ਲੋਕ ਕਾਦੀਆਂ ਆਇਆ ਕਰਨ । ਕਿੰਨ੍ਹੇ ਬਰਕਤਾਂ ਭਰਪੂਰ ਜਲਸੇ ਹੁੰਦੇ ਸਨ, ਉਹ, ਜਿਸ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਮਾ ਆਪ ਖ਼ੁਦ ਸਾਮਲ ਸ਼ਮਾਲ ਹੋਕੇ ਸਿੱਧੇ ਤੋਰ'ਤੇ ਜਮਾਤ ਨੂੰ ਨਸੀਹਤਾਂ ਕਰਦੇ ਸਨ । ਜਮਾਤ ਦੇ ਲੋਕਾਂ ਦੀ ਤਰਬੀਯਤ ਫ਼ਰਮਾਇਆ ਕਰਦੇ ਸਨ । ਉਹਨਾਂ ਦੀ ਰੂਹਾਨੀ ਤ੍ਰੇਹ ਬੁਝਾਇਆ ਕਰਦੇ ਸਨ ।

ਇਹ ਤਾਂ ਹੁਣ ਸੰਭਵ ਨਹੀਂ ਕਿ ਅਹਮਦੀਆਂ ਦੀ ਇਕ ਵੱਡੀ ਗਿਣਤੀ ਜਲਸੇ ਲਈ ਕਾਦੀਆਂ ਜਾਵੇ ਅਤੇ ਨ ਹੀ ਇਹ ਸੰਭਵ ਹੈ ਕਿ ਜਿੱਥੇ ਖ਼ਲੀਫ਼ਾ ਮੌਜੂਦ ਹੈ ਓਥੇ ਅਹਮਦੀਆਂ ਦੀ ਵੱਡੀ ਗਿਣਤੀ ਜਲਸੇ ਵਿੱਚ ਸ਼ਾਮਲ ਹੋ ਸਕੇ । ਦੁਨੀਆਂ ਵਿੱਚ ਜਿਸ ਪ੍ਰਕਾਰ ਜਮਾਤ ਫੈਲ ਰਹੀ ਹੈ ਅਤੇ ਤਰੱਕੀ ਕਰ ਰਹੀ ਹੈ ਜ਼ਰੂਰੀ ਸੀ ਕਿ ਹਰ ਦੇਸ਼ ਵਿੱਚ ਜਿੱਥੇ ਵੀ ਜਮਾਤ ਹੈ ਇਸ ਪ੍ਰਕਾਰ ਦੇ ਜਲਸੇ ਆਯੋਜਤ ਕੀਤੇ ਜਾਣ ਜਿਵੇਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜ਼ਮਾਨੇ ਵਿੱਚ ਹੁੰਦੇ ਸਨ । ਸਾਲ ਵਿੱਚ ਘੱਟੋ ਘੱਟ ਇਕ ਵਾਰ ਆਪ ਅਲੈਹਿ ਸਲਾਮ ਨੇ ਸਾਨੂੰ ਆਪਣੀਆਂ ਹਾਲਤਾਂ ਵਿੱਚ ਤਬਦੀਲੀ ਪੈਦਾ ਕਰਨ ਲਈ ਸੀਖ ਸਿੱਖਿਆ (ਤਰਬੀਯਤ) ਦੇ ਉਦੇਸ਼ ਨਾਲ ਇਕੱਤਰ ਹੋਣ ਦਾ ਫ਼ਰਮਾਇਆ ਸੀ ।

ਸੋ, ਅੱਜ ਆਪ ਵੀ ਸਾਰੇ ਇਸੇ ਲਈ ਏਥੇ ਇਕਤੱਰ ਹਨ ਕਿ ਇਸ ਉਦੇਸ਼ ਨੂੰ ਪੂਰਾ ਕਰੀਏ, ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵਰਨਣ ਕੀਤਾ ਸੀ ਕਿ ਹਰ ਸਾਲ ਆਪ ਇਸ ਉਦੇਸ਼ ਲਈ ਇਕਤੱਰ ਹੁੰਦੇ ਹਨ ਅਤੇ ਇਸ ਸਾਲ ਵਿਸ਼ੇਸ਼ ਰੂਪ ਵਿੱਚ ਆਪ ਇਸ ਲਈ ਏਥੇ ਇਕਤੱਰ ਹੋਏ ਹਨ ਕਿ ਜਮਾਤ ਦੀ ਸਥਾਪਨਾ ਦੇ ਪੰਜਾਹ ਸਾਲ ਪੂਰੇ ਹੋ ਚੁਕੇ ਹਨ । ਇਸ ਸਾਲ ਨੂੰ ਆਪ ਲੋਕ ਏਥੇ ਰਹਿਣ ਵਾਲੇ ਅਹਮਦੀ ਵਿਸ਼ੇਸ਼ ਰੂਪ ਵਿੱਚ ਮਹਤੱਾ ਦੇ ਰਹੇ ਹਨ, ਪਰ ਹਰ ਅਹਮਦੀ ਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਇਸ ਦੀ ਮਹਤੱਾ ਫਿਰ ਹੀ ਹੋਵੇਗੀ ਜੱਦ ਹਰ ਅਹਮਦੀ ਜੋ ਕੈਨੇਡਾ ਵਿੱਚ ਰਹਿੰਦਾ ਹੈ ਇਸ ਗੱਲ ਦਾ ਜਤਨ ਕਰੇ ਕਿ ਅਸੀਂ ਅਹਮਦੀ ਹੋਣ ਦੇ ਬਾਦ ਜੋ ਅਹਿਦੇ ਬੈਅਤ (ਬੈਅਤ ਦਾ ਪ੍ਰਣ) ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਬੰਨ੍ਹਿਆ ਹੈ ਉਸ ਨੂੰ ਅਸੀਂ ਪੂਰਾ ਕਰਨਾ ਹੈ । ਨਹੀਂ ਤਾਂ ਪੰਜਾਹ ਸਾਲ ਹੋਣ ਜਾਂ ਇਸ ਤੋਂ ਵੱਧ ਸਾਲ ਹੋਣ ਇਸ ਨਾਲ ਕੀ ਫਰਕ ਪੈਂਦਾ ਹੈ । ਅਸੀਂ ਰੱਬ ਦਾ ਹਕੀਕੀ ਸ਼ੁਕਰਗੁਜ਼ਾਰ ਬੰਦਾ ਬਣਦਿਆਂ ਹੋਇਆਂ ਉਸ ਦੇ ਆਦੇਸ਼ਾਂ ਉਪੱਰ ਅਮਲ ਕਰਨ ਵਾਲੇ ਬਣੀਏ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਬੈਅਤ ਸਮੇਂ ਜੋ ਅਹਿਦ (ਪ੍ਰਣ) ਕੀਤਾ ਹੈ ਅਸੀਂ ਉਸ ਨੂੰ ਪੂਰਾ ਕਰੀਏ ਜਿਸ ਵਿੱਚੋਂ ਇਕ ਇਹ ਵੀ ਹੈ, ਮੈਂ ਕੁਰਆਨ ਕਰੀਮ ਦੀ ਹਕੂਮਤ ਪੂਰਨ ਰੂਪ ਵਿੱਚ ਆਪਣੇ ਉਪੱਰ ਲਾਗੂ

ਕਰਾਂਗਾ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜਿਸ ਢੰਗ ਨਾਲ ਸਾਡਾ ਮਾਰਗ ਦਰਸ਼ਨ ਕੀਤਾ ਹੈ ਉਸ ਨੂੰ ਧਾਰਣ ਕਰਕੇ ਦੀਨੀ ਆਦੇਸ਼ਾਂ ਅਤੇ ਰੱਬ ਦੇ ਕਲਾਮ ਉਪੱਰ ਹੋਰ ਗ਼ੌਰ ਕਰਕੇ ਅਸੀਂ ਆਪਣੀ ਸੋਚ ਨੂੰ ਰੌਸ਼ਨ ਅਤੇ ਆਪਣੇ ਈਮਾਨ ਨੂੰ ਪਕੱਾ ਕਰ ਸਕਦੇ ਹਾਂ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ ਮੈਂ ਵਾਰ ਵਾਰ ਆਪਣੀ ਜਮਾਤ ਨੂੰ ਕਿਹਾ ਹੈ ਕਿ ਤੁਸੀਂ ਨਿਰਾ ਇਸ ਬੈਅਤ ਉਪੱਰ ਹੀ ਭਰੋਸਾ ਨ ਕਰਨਾ, ਇਸ ਦੀ ਹਕੀਕਤ ਤੱਕ ਜੱਦ ਤੱਕ ਨਹੀਂ ਪਹੁੰਚੋਗੇ ਤੱਦ ਤੱਕ ਮੁਕਤੀ ਨਹੀਂ । ਫ਼ਰਮਾਇਆ ਛਿਲਕਿਆਂ ਉਪੱਰ ਸਬਰ ਕਰਨ ਵਾਲੇ ਮਗ਼ਜ਼ ਤੋਂ ਵਾਂਝੇ ਰਹਿੰਦੇ ਹਨ । ਫ਼ਰਮਾਇਆ ਕਿ ਮੁਰੀਦ ਆਪ ਆਮਲ (ਅਮਲ ਕਰਨ ਵਾਲਾ) ਨਹੀਂ ਤਾਂ ਪੀਰ (ਗੁਰੂ) ਦੀ ਬਜ਼ੁਰਗੀ ਉਸ ਨੂੰ ਕੋਈ ਲਾਭ ਨਹੀਂ ਦਿੰਦੀ । ਫ਼ਰਮਾਇਆ ਜੱਦ ਕੋਈ ਵੈਦ ਕਿਸੇ ਨੂੰ ਨੁਸਖ਼ਾ ਦੇਵੇ ਅਤੇ ਉਹ ਨੁਸਖ਼ਾ ਲੈਕੇ ਤਾਕੀ ਵਿੱਚ ਰੱਖ ਦੇਵੇ ਤਾਂ ਉਸ ਤੋਂ ਕਦੇ ਵੀ ਲਾਭ ਨਹੀਂ ਹੋਵੇਗਾ ਕਿਉਂਕਿ ਲਾਭ ਤਾਂ ਉਸ ਲਿੱਖੇ ਹੋਏ ਨੁਸਖ਼ੇ ਉਪੱਰ ਅਮਲ ਕਰਨ ਦਾ ਸਿੱਟਾ ਹੈ । ਫ਼ਰਮਾਇਆ 'ਕਸ਼ਤੀਏ ਨੂਹ' ਦਾ ਵਾਰ ਵਾਰ ਅਧਿਐਨ ਕਰੋ ਅਤੇ ਉਸ ਅਨੁਸਾਰ ਆਪਣੇ ਆਪ ਨੂੰ ਬਣਾਓ । ਅਤੇ ਫਿਰ ਫ਼ਰਮਾਉਂਦੇ ਹਨ ( قد افلح من زکّٰها) 'ਕਦ ਅਫ਼ਲਾਹਾ ਮਨ ਜ਼ਕੱਾਹਾ' ਅਰਥਾਤ ਉਹ ਸਫ਼ਲ ਹੋ ਗਿਆ ਜਿਸ ਨੇ ਤਕਵਾ (ਸੰਜਮਤਾ) ਨੂੰ ਪਰਵਾਨ ਚੜ੍ਹਾਇਆ । ਫ਼ਰਮਾਇਆ ਇਉਂ ਤਾਂ ਹਜ਼ਾਰਾਂ ਹੀ ਚੋਰ, ਜ਼ਾਨੀ, ਬਦਕਾਰ, ਸ਼ਰਾਬੀ ਤੇ ਬਦਮਾਸ਼ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਉਮੱਤ ਹੋਣ ਦਾ ਦਾਵਾ ਕਰਦੇ ਹਨ ਪਰ ਕੀ ਉਹ ਹਕੀਕਤ ਵਿੱਚ ਅਜਿਹੇ ਹਨ ? ਕਦੇ ਨਹੀਂ, ਉਮੱਤੀ ਉਹੋ ਹਨ ਜੋ ਆਪ ਸਲਲੱਾਹੁ ਅਲੈਹਿ ਵਸਲਮ ਦੀ ਸਿੱਖਿਆਵਾਂ ਦੇ ਪੂਰੇ ਪਾਬੰਦ ਹਨ ।

ਫਿਰ ਇਕ ਮੌਕੇ'ਤੇ ਬੈਅਤ ਦੇ ਮਿਆਰ ਬਾਰੇ ਹੋਰ ਵਿਸਥਾਰ ਨਾਲ ਫ਼ਰਮਾਇਆ ਕਿ ਜੋ ਬੈਅਤ ਅਤੇ ਈਮਾਨ ਦਾ ਦਾਵਾ ਕਰਦਾ ਹੈ ਉਸ ਨੂੰ ਫਰੋਲਨਾ ਚਾਹੀਦਾ ਹੈ ਕਿ ਕੀ ਮੈਂ ਛਿਲਕਾ ਹਾਂ ਜਾਂ ਮਗ਼ਜ਼ । ਚੇਤੇ ਰੱਖੋ ਕਿ ਇਹ ਸੱਚੀ ਗੱਲ ਹੈ ਕਿ ਅਲੱਾਹ ਤਆਲਾ ਦੀ ਹਜ਼ੂਰੀ ਵਿੱਚ ਮਗ਼ਜ਼ ਤੋਂ ਬਿਨਾ ਛਿਲਕੇ ਦਾ ਕੁਝ ਵੀ ਮੁੱਲ ਨਹੀਂ । ਖ਼ੂਬ ਚੇਤੇ ਰੱਖੋ ਕਿ ਪਤਾ ਨਹੀਂ ਕਿ ਮੌਤ ਕਿਸ ਸਮੇਂ ਆ ਜਾਵੇ, ਪਰ ਇਹ ਨਿਸ਼ਚੇ ਹੈ ਕਿ ਮੌਤ ਜ਼ਰੂਰ ਹੈ । ਸੋ, ਨਿਰੇ ਦਾਵੇ ਉਪੱਰ ਕਦੇ ਵੀ ਭਰੋਸਾ ਨ ਕਰੋ ਅਤੇ ਖ਼ੁਸ਼ ਨ ਹੋ ਜਾਓ । ਉਹ ਕਦੇ ਵੀ ਲਾਭ ਪਹੁੰਚਾਉਣ ਵਾਲੀ ਚੀਜ਼ ਨਹੀਂ ਜੱਦ ਤੱਕ ਇਨਸਾਨ ਆਪ ਆਪਣੇ ਉਪੱਰ ਬਹੁਤ ਸਾਰੀਆਂ ਮੌਤਾਂ ਲਾਗੂ ਨ ਕਰ ਲਏ ਅਤੇ ਬਹੁਤ ਸਾਰੀਆਂ ਤਬਦੀਲੀਆਂ ਅਤੇ ਇਨਕਲਾਬਾਂ ਵਿੱਚੋਂ ਲੰਘ ਕੇ ਨ ਨਿਕਲੇ, ਉਹ ਮਾਨਵਤਾ ਦੇ ਅਸਲ ਉਦੇਸ਼ ਨੂੰ ਨਹੀਂ ਪ੍ਰਾਪਤ ਕਰ ਸਕਦਾ । ਇਹ ਮੌਤਾਂ ਕੀ ਹਨ ? ਇਹ ਦੀਨ (ਧਰਮ) ਨੂੰ ਦੁਨੀਆ ਉਪੱਰ ਪਹਿਲ ਦੇਣਾ ਹੈ ।

ਹੁਣ ਦੁਨੀਆ ਦੀ ਹਾਲਤ ਦੇਖੋ ਕਿ ਸਾਡੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਤਾਂ ਆਪਣੇ ਅਮਲਾਂ ਰਾਹੀਂ ਇਹ ਕਰ ਦਿਖਾਇਆ ਕਿ ਮੇਰਾ ਮਰਨਾ ਤੇ ਮੇਰਾ ਜੀਣਾ ਸਭ ਕੁਝ ਰੱਬ ਲਈ ਹੈ । ਸੋ, ਹਕੀਕਤ ਦੀ ਇਛੱਾ ਕਰੋ ਨਿਰੇ ਨਾਵਾਂ'ਤੇ ਰਾਜ਼ੀ ਨ ਹੋ ਜਾਓ । ਕਿੰਨ੍ਹੇ ਸ਼ਰਮ ਦੀ ਗੱਲ ਹੈ ਕਿ ਮਨੁੱਖ ਮਹਾਨ ਨਬੀ ਸਲਲੱਾਹੁ ਅਲੈਹਿ ਵਸਲਮ ਦਾ ਉਮੱਤੀ ਅਖਵਾ ਕੇ ਕਾਫ਼ਰਾਂ ਜਿਹਾ ਜੀਵਨ ਬਤੀਤ ਕਰੇ । ਤੁਸੀਂ ਆਪਣੇ ਜੀਵਨ ਵਿੱਚ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਨਮੂਨਾ ਦਿਖਾਓ ਅਤੇ ਉਹੋ ਹਾਲਤ ਪੈਦਾ ਕਰੋ ।

ਇਕ ਵਾਰ ਕੁਝ ਵਿਅਕਤੀ ਆਪ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਫਿਰ ਬੈਅਤ ਕਰ ਲਈ । ਬੈਅਤ ਦੇ ਬਾਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਉਹਨਾ ਨੂੰ ਕੁਝ ਨਸੀਹਤਾਂ ਕੀਤੀਆਂ । ਆਪ ਨੇ ਫ਼ਰਮਾਇਆ ਕਿ ਮਨੁੱਖ ਨੂੰ ਬੈਅਤ ਕਰਕੇ ਕੇਵਲ ਇਹ ਨਹੀਂ ਮੰਨ ਲੈਂਣਾ ਚਾਹੀਦਾ ਕਿ ਸਿਲਸਿਲਾ (ਜਮਾਤ) ਸਚੱਾ ਹੈ ਅਤੇ ਐਨ੍ਹਾ ਮੰਨ੍ਹਣ ਨਾਲ ਉਸ ਨੂੰ ਬਰਕਤ ਹੁੰਦੀ ਹੈ । ਫ਼ਰਮਾਇਆ, ਨੇਕ ਬਣੋ, ਮੁਤੱਕੀ ਬਣੋ ਇਹ ਸਮਾਂ ਦੁਆਵਾਂ ਵਿੱਚ ਲੰਘਾਓ । ਆਪ ਨੇ ਫ਼ਰਮਾਇਆ ਕਿ ਕੁਰਆਨ ਕਰੀਮ ਵਿੱਚ ਅਲੱਾਹ ਤਆਲਾ ਨੇ ਈਮਾਨ ਦੇ ਨਾਲ ਨਾਲ ਚੰਗੇ ਕਰਮ ਵੀ ਰੱਖੇ ਹਨ । ਚੰਗੇ ਕਰਮ ਉਸ ਨੂੰ ਕਹਿੰਦੇ

ਹਨ ਜਿਸ ਵਿੱਚ ਰਤਾ ਭਰ ਵੀ ਫ਼ਸਾਦ (ਬੁਰਾਈ) ਨ ਹੋਵੇ । ਨੇਕ ਕਰਮ ਉਹ ਹੈ ਜਿਸ ਵਿੱਚ ਜ਼ੁਲਮ, ਅਤਿਆਚਾਰ, ਸੰਭਵਤਾ, ਦਿਖਾਵਾ, ਹਉਮੈ, ਹੰਕਾਰ ਤੇ ਮਨੁੱਖੀ ਹੱਕ ਖੋਹਣ ਦਾ ਉਕੱਾ ਹੀ ਵਿਚਾਰ ਨ ਹੋਵੇ । ਫ਼ਰਮਾਇਆ ਕਿ ਜਿਵੇਂ ਆਖ਼ਰਤ (ਪ੍ਰਲੈ) ਵਿੱਚ ਮਨੁੱਖ ਨੇਕ ਅਮਲਾਂ ਤੋਂ ਬਚਦਾ ਹੈ, ਉਸੇ ਪ੍ਰਕਾਰ ਦੁਨੀਆ ਵਿੱਚ ਵੀ ਬਚਦਾ ਹੈ । ਜੇਕਰ ਇਕ ਮਨੁੱਖ ਵੀ ਸਾਰੇ ਘਰ ਵਿੱਚ ਨੇਕ ਅਮਲ ਕਰਨ ਵਾਲਾ ਹੋਵੇ ਤਾਂ ਸਾਰਾ ਘਰ ਬਚਿਆ ਰਹਿੰਦਾ ਹੈ । ਫਰਮਾਇਆ ਕਿ ਕੁਝ ਲੋਕ ਅਜਿਹੇ ਹਨ ਕਿ ਉਹਨਾਂ ਨੂੰ ਪਾਪ ਦਾ ਪਤਾ ਹੁੰਦਾ ਹੈ ਅਤੇ ਕੁਝ ਅਜਿਹੇ ਹਨ ਉਹਨਾਂ ਨੂੰ ਪਾਪ ਦੀ ਖ਼ਬਰ ਨਹੀਂ ਹੁੰਦੀ ਐਨ੍ਹੇ ਆਦੀ ਹੋ ਜਾਂਦੇ ਹਨ ਉਹ । ਇਸੇ ਲਈ ਰੱਬ ਨੇ ਹਮੇਸ਼ਾ ਲਈ ਇਸਤਗ਼ਫ਼ਾਰ ਦੀ ਵਿਵਸਥਾ ਕਰਾਈ ਹੈ । ਸੋ, ਇਸਤਗ਼ਫ਼ਾਰ ਬਹੁਤ ਅਧਿਕ ਕਰਨਾ ਚਾਹੀਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਵਿਸ਼ੇਸ਼ ਰੂਪ ਵਿੱਚ ਜੱਦ ਆਪ ਇਹਨਾਂ ਦਿਨਾਂ ਵਿੱਚ ਦੁਆਵਾਂ ਕਰ ਰਹੇ ਹੋਵੋ, ਜਲਸੇ ਦਾ ਵਾਤਾਵਰਣ ਹੀ ਦੁਆਵਾਂ ਦਾ ਹੈ, ਤਾਂ ਜਿੱਥੇ ਦੁਰੂਦ ਪੜ੍ਹ ਰਹੇ ਹੋਵੋ ਓਥੇ ਇਸਤਗ਼ਫ਼ਾਰ ਵੀ ਬਹੁਤ ਅਧਿਕ ਕਰਨ । ਫ਼ਰਮਾਇਆ ਕਿ ਮਨੁੱਖ ਹਰ ਇਕ ਗੁਨਾਹ (ਪਾਪ) ਲਈ ਭਾਵੇਂ ਉਹ ਪ੍ਰਕਟ ਹੋਵੇ ਜਾਂ ਗੁਪਤ ਹੋਵੇ ਭਾਵੇਂ ਉਸ ਦਾ ਪਤਾ ਹੋਵੇ ਜਾਂ ਨ ਪਤਾ ਹੋਵੇ, ਆਪਣੇ ਹਥੱਾਂ, ਪੈਰ੍ਹਾਂ, ਜੁਬਾਨ, ਨੱਕ, ਅੱਖ ਅਤੇ ਹਰ ਪ੍ਰਕਾਰ ਦੇ ਗੁਨਾਹਾਂ ਤੋਂ ਇਸਤਗ਼ਫ਼ਾਰ ਕਰਦਾ ਰਹੇ । ਅੱਜ ਕੱਲ ਆਦਮ ਅਲੈਹਿ ਸਲਾਮ ਦੀ ਦੁਆ ਪੜ੍ਹਨੀ ਚਾਹੀਦੀ ਹੈ । ( قَالَا رَبَّنَا ظَلَمْنَآ اَنْفُسَنَا وَاِنْ لَّمْ تَغْفِرْ لَنَا وَتَرْحَمْنَا لَنَكُوْنَنَّ مِنَ الْخٰسِرِيْنَ) 'ਕਾਲਾ ਰਬੱਾਨਾ ਜ਼ਲਮਨਾ ਅਨਫ਼ੁਸਾਨਾ ਵ ਇਨ ਲੰਮ ਤਗ਼ਫ਼ਿਰਲਨਾ ਵ ਤਰਹਮਨਾ ਲ-ਨਕੂਨਨੱਾ ਮਿਨਲ ਖ਼ਾਸਿਰੀਨ 0 ਕਿ ਹੇ, ਸਾਡੇ ਰੱਬ ! ਅਸੀਂ ਆਪਣੀਆਂ ਜਾਨਾਂ ਉਪੱਰ ਜ਼ੁਲਮ ਕੀਤਾ ਅਤੇ ਜੇਕਰ ਤੂੰ ਸਾਨੂੰ ਮੁਆਫ਼ ਨ ਕੀਤਾ ਅਤੇ ਸਾਡੇ ਉਪੱਰ ਰਹਿਮ ਨ ਕੀਤਾ ਤਾਂ ਅਸੀਂ ਘਾਟਾ ਪਾਉਣ ਵਾਲਿਆਂ ਵਿੱਚੋਂ ਹੋ ਜਾਵਾਂਗੇ । ਮੈਂਨੂੰ ਇਹ ਦੁਆ ਇਲਹਾਮ ਹੋਈ ਸੀ ਕਿ ( رب کل شیء خادمك رب فاحفظنی وانصرنی وارحمنی) ਰੱਬਿ ਕੁਲੱੁ ਸ਼ੈਇਨ ਖ਼ਾਦਿਮੁਕਾ ਰੱਬਿ ਫ਼ਾਹਫ਼ਿਜ਼ਨੀ ਵਨਸੁਰਨੀ ਵਰਹਮਨੀ 0 ਇਹ ਦੁਆ ਵੀ ਬਹੁਤ ਪੜ੍ਹਨੀ ਚਾਹੀਦੀ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਕ ਮੌਕੇ'ਤੇ ਇਕ ਸਭਾ ਵਿੱਚ ਹਜ਼ਰਤ ਮੌਲਵੀ ਅਬਦੁਲ ਕਰੀਮ ਸਾਹਬ ਨੇ ਬਿਨਤੀ ਕੀਤੀ ਕਿ ਆਪਸੀ ਇਤਫ਼ਾਕ ਤੇ ਏਕਤਾ ਬਾਰੇ ਕੁਝ ਦਸੱਣ । ਇਸ'ਤੇ ਆਪ ਨੇ ਕੁਝ ਨਸੀਹਤਾਂ ਕੀਤੀਆਂ ਜਿਨ੍ਹਾਂ ਦਾ ਕੁਝ ਹਿਸੱਾ ਮੈਂ ਏਥੇ ਵਰਨਣ ਕਰਦਾ ਹਾਂ । ਫ਼ਰਮਾਇਆ ਕਿ ਮੈਂ ਦੋ ਮਸਲੇ ਲੈਕੇ ਆਇਆ, ਪਹਿਲਾ ਰੱਬ ਦੀ ਤੌਹੀਦ (ਇਕ ਈਸ਼ਵਰਵਾਦ) ਧਾਰਨ ਕਰੋ ਦੂਜਾ ਆਪੋ ਵਿੱਚ ਪ੍ਰੇਮ ਤੇ ਹਮਦਰਦੀ ਪ੍ਰਗਟ ਕਰੋ ਅਤੇ ਉਹ ਨਮੂਨਾ ਦਿਖਾਓ ਕਿ ਗ਼ੈਰਾਂ ਲਈ ਕਰਾਮਾਤ ਹੋਵੇ । ਇਹੋ ਦਲੀਲ ਸੀ ਜੋ ਸਹਾਬਾ ਵਿੱਚ ਪੈਦਾ ਹੋਈ ਸੀ । ( كنتم اعداء فالف بين قلوبكم) 'ਕੁਨਤੁਮ ਆਦਾਆ ਫ਼ਾ ਅਲੱਾਫ਼ਾ ਬੈਨਾ ਕੁਲੂਬਿਬਕੁਮ' । ਚੇਤੇ ਰੱਖੋ ਸੰਕਲਨ ਇਕ ਏਜਾਜ਼ (ਕਰਾਮਤ) ਹੈ । ਚੇਤੇ ਰੱਖੋ, ਜੱਦ ਤੱਕ ਤੁਹਾਡੇ ਵਿੱਚੋਂ ਹਰ ਇਕ ਅਜਿਹਾ ਨ ਹੋਵੇ ਕਿ ਜੋ ਆਪਣੇ ਲਈ ਪਸੰਦ ਕਰਦਾ ਹੈ ਉਹੋ ਆਪਣੇ ਭਾਈ ਲਈ ਪਸੰਦ ਕਰੇ, ਉਹ ਮੇਰੀ ਜਮਾਤ ਵਿੱਚੋਂ ਨਹੀਂ ਹੈ । ਫ਼ਰਮਾਇਆ ਕਿ ਚੇਤੇ ਰੱਖੋ ਕੁਝ ਦਾ ਅੱਡ ਹੋਣਾ ਮਹਦੀ ਦੀ ਨਿਸ਼ਾਨੀ ਹੈ ਅਤੇ ਕੀ ਉਹ ਨਿਸ਼ਾਨੀ ਪੂਰੀ ਨਹੀਂ ਹੋਵੇਗੀ । ਮੇਰੇ ਵੁਜੂਦ ਤੋਂ ਇੰਸ਼ਾਅਲੱਾਹ ਇਕ ਨੇਕ ਜਮਾਤ ਪੈਦਾ ਹੋਵੇਗੀ । ਆਪਸੀ ਦੁਸ਼ਮਣੀਆਂ ਦਾ ਸਬਬ ਕੀ ਹੈ, ਬੁਖ਼ਲ (ਕੰਜੂਸੀ) ਹੈ, ਫ਼ਖ਼ਰ (ਆਕੜ) ਤੇ ਹੰਕਾਰ ਹੈ । ਜੋ ਆਪਣੀਆਂ ਭਾਵਨਾਵਾਂ ਉਪੱਰ ਕਾਬੂ ਨਹੀਂ ਪਾ ਸਕਦੇ ਅਤੇ ਆਪੋ ਵਿੱਚ ਪ੍ਰੇਮ ਅਤੇ ਭਾਈਚਾਰੇ ਨਾਲ ਰਹਿ ਨਹੀਂ ਸਕਦੇ, ਉਹ ਚੇਤੇ ਰਖੱਣ ਕਿ ਉਹ ਕੁਝ ਦਿਨਾਂ ਦੇ ਮਹਿਮਾਨ ਹਨ । ਮੈਂ ਕਿਸੇ ਦੇ ਸਬਬ ਰਾਹੀਂ ਆਪਣੇ ਉਪੱਰ ਇਤਰਾਜ਼ ਨਹੀਂ ਲੈਂਣਾ ਚਾਹੁੰਦਾ । ਅਜਿਹਾ ਵਿਅਕਤੀ ਜੋ ਮੇਰੀ ਜਮਾਤ ਵਿੱਚ ਹੋਕੇ ਮੇਰੀ ਇਛੱਾ ਅਨੁਸਾਰ ਨ ਹੋਕੇ ਸੁੱਕੀ ਟਾਹਣੀ ਹੈ ਉਸ ਨੂੰ ਜੇਕਰ ਬਾਗ ਦਾ ਮਾਲੀ ਕੱਟੇਗਾ ਨਹੀਂ ਤਾਂ ਕੀ ਕਰੇ । ਸੁੱਕੀ ਟਾਹਣੀ ਹਰੀਆਂ ਟਾਹਣੀਆਂ ਨਾਲ ਰਹਿਕੇ ਪਾਣੀ ਤਾਂ ਚੂਸਦੀ ਹੈ ਪਰ ਉਹ ਉਸ ਨੂੰ ਹਰਿਆਂ ਨਹੀਂ ਕਰ ਸਕਦਾ ਸਗੋਂ ਉਹ ਟਾਹਣੀ ਦੂਜੀ ਟਾਹਣੀ ਨੂੰ ਵੀ ਲੈ ਬਹਿੰਦੀ ਹੈ । ਸੋ, ਡਰੋ, ਮੇਰੇ ਨਾਲ ਉਹ ਨਹੀਂ ਰਹੇਗਾ ਜੋ ਆਪਣਾ ਇਲਾਜ ਨ ਕਰੇ ।

ਸੋ, ਉਹ ਲੋਕ ਜੋ ਆਪੋ ਵਿੱਚ ਰੰਜਸ਼ਾਂ ਨੂੰ ਵਧਾਉਂਦੇ ਹਨ ਉਹਨਾਂ ਲਈ ਬਹੁਤ ਖ਼ੌਫ਼ ਵਾਲੀ ਗੱਲ ਹੈ, ਜੱਦ ਅਸੀਂ ਇਸ ਜ਼ਮਾਨੇ ਵਿੱਚ ਉਸ ਮਨੁੱਖ ਨੂੰ ਮੰਨਿਆ ਹੈ ਜੋ ਸਾਡੇ ਸੁਧਾਰ ਲਈ ਆਇਆ ਹੈ ਤਾਂ ਫਿਰ ਸਾਨੂੰ ਵੀ ਜਤਨ ਕਰਨ ਦੀ ਲੋੜ ਹੈ, ਉਸ ਦੀਆਂ ਗੱਲਾਂ ਨੂੰ ਮੰਨ੍ਹਣ ਦੀ ਲੋੜ ਹੈ ਅਤੇ ਉਹਨਾਂ'ਤੇ ਅਮਲ ਕਰਨ ਦੀ ਲੋੜ ਹੈ । ਆਪ ਨੇ ਫ਼ਰਮਾਇਆ ਕਿ ਇਨਸਾਨ ਅਸਲ ਵਿੱਚ ਉਨਸਾਨ ਤੋਂ ਲਿਆ ਗਿਆ ਹੈ ਅਰਥਾਤ ਜਿਸ ਵਿੱਚ ਦੋ ਸੱਚੇ ਪਿਆਰ (ਉਨਸ) ਹੋਣ ਇਕ ਰੱਬ ਨਾਲ ਅਤੇ ਦੂਜਾ ਮਾਨਵਤਾ ਨਾਲ ਹਮਦਰਦੀ । ਜੱਦ ਇਹ ਦੋਵੇਂ ਉਨਸ ਉਸ ਵਿੱਚ ਪੈਦਾ ਹੋ ਜਾਣ ਉਸ ਸਮੇਂ ਇਨਸਾਨ ਕਹਿਲਾਉਂਦਾ ਹੈ ।

ਫਿਰ ਇਸ ਗੱਲ ਦੀ ਵਿਆਖਿਆ ਕਰਦਿਆਂ ਹੋਇਆਂ ਕਿ ਰੱਬ ਦੁਨੀਆ ਦੇ ਕੰਮ ਕਾਜ ਤੇ ਵਪਾਰ ਤੋਂ ਮਨਾ ਨਹੀਂ ਕਰਦਾ ਸਗੋਂ ਆਦੇਸ਼ ਦਿੰਦਾ ਹੈ ਕਿ ਸੁਸਤ ਨ ਬੈਠੋ ਅਤੇ ਕੰਮ ਕਰੋ ਪਰ ਉਦੇਸ਼ ਸੰਸਾਰ ਕਮਾਉਣਾ ਨ ਹੋਵੇ ਸਗੋਂ ਰੱਬ ਦੀ ਰਜ਼ਾ ਸੰਮੁੱਖ ਹੋਵੇ । ਜਿੱਥੇ ਦੁਨੀਆ ਦੀਆਂ ਨੇਮਤਾਂ ਨੂੰ ਹਾਸਲ ਕਰਨ ਦਾ ਜਤਨ ਹੋਵੇ ਓਥੇ ਆਖ਼ਰਤ ਦੇ ਉਪਕਾਰ ਹਾਸਲ ਕਰਨ ਲਈ ਵੀ ਪੂਰੇ ਜਤਨਾਂ ਦੀ ਲੋੜ ਹੈ । ਇਸ ਵਿਸ਼ੇ ਨੂੰ ਵਰਨਣ ਕਰਦਿਆਂ ਹੋਇਆਂ ਇਕ ਮੌਕੇ ਆਪ ਨੇ ਫ਼ਰਮਾਇਆ ਕਿ ਰੱਬ ਨੇ ਜੱਦ ਇਹ ਦੁਆ ਆਪ ਸਿਖਾਈ ਹੈ ਕਿ ( رَبَّنَآ اٰتِنَا فِي الدُّنْيَا حَسَنَةً وَّفِي الْاٰخِرَةِ حَسَنَةً وَّقِنَا عَذَابَ النَّارِ) 'ਰਬੱਾਨਾ ਆਤਿਨਾ ਫ਼ਿਦੁੱਨੀਆ ਹਸਨਾਤੰਵ ਵਫ਼ਿਲ ਆਖ਼ਿਰਾਤਿ ਹਸਨਾਤੰਵ ਵਾਕਿਨਾ ਅਜ਼ਾਬਨੱਾਰਿ' । ਇਸ ਵਿੱਚ ਵੀ ਦੁਨੀਆ ਨੂੰ ਪਹਿਲ ਦਿੱਤੀ ਗਈ ਹੈ ਪਰ ਕਿਹੜੀ ਦੁਨੀਆ ਨੂੰ 'ਹਸਾਨਤ ਦੁਨੀਆ' (ਦੁਨੀਆ ਦੇ ਉਪਕਾਰ) ਨੂੰ ਜੋ ਆਖ਼ਰਤ ਵਿੱਚ ਉਪਕਾਰ ਦਾ ਸਬਬ ਬਣ ਜਾਣ । ਇਸ ਦੁਆ ਦੀ ਸਿੱਖਿਆ ਨਾਲ ਸਪਸ਼ਟ ਤੌਰ'ਤੇ ਸਮਝ ਵਿੱਚ ਆ ਜਾਂਦਾ ਹੈ ਕਿ ਮੋਮਿਨ ਨੂੰ ਦੁਨੀਆ ਦੀ ਪ੍ਰਾਪਤੀ ਵਿੱਚ ਆਖ਼ਰਤ ਦੇ ਉਪਕਾਰਾਂ ਦਾ ਖ਼ਿਆਲ ਰਖੱਣਾ ਚਾਹੀਦਾ ਹੈ ।

ਫਿਰ ਆਪ ਫ਼ਰਮਾਉਂਦੇ ਹਨ ਕਿ ਸਾਡੀ ਜਮਾਤ ਵਿੱਚ ਉਹੋ ਦਾਖ਼ਲ ਹੁੰਦਾ ਹੈ ਜੋ ਸਾਡੀ ਸਿੱਖਿਆ ਨੂੰ ਆਪਣੀ ਨੇਮਾਵਲੀ ਕਰਾਰ ਦਿੰਦਾ ਹੈ ਅਤੇ ਆਪਣੀ ਹਿਮੱਤ ਤੇ ਜਤਨ ਅਨੁਸਾਰ ਉਸ'ਤੇ ਅਮਲ ਕਰਦਾ ਹੈ । ਜਿੱਥੋਂ ਤੱਕ ਹੋ ਸਕੇ ਆਪਣੇ ਅਮਲਾਂ ਨੂੰ ਇਸ ਸਿੱਖਿਆ ਹੇਠ ਕਰੋ ਜੋ ਦਿੱਤੀ ਜਾਂਦੀ ਹੈ । ਅਮਲ ਪਰਾਂ ਵਾਂਗ ਹਨ ਬਿਨਾ ਅਮਲਾਂ ਦੇ ਮਨੁੱਖ ਰੂਹਾਨੀ ਮੰਡਲਾਂ ਵਿੱਚ ਉਡਾਰੀ ਨਹੀਂ ਮਾਰ ਸਕਦਾ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਮਾ ਫ਼ਰਮਾਉਂਦੇ ਹਨ : ਸਾਨੂੰ ਜਿਸ ਗੱਲ ਲਈ ਨਿਰਧਾਰਤ ਕੀਤਾ ਗਿਆ ਹੈ ਉਹ ਇਹੋ ਹੈ ਕਿ ਤਕੱਵਾ (ਸੰਜਮਤਾ) ਦਾ ਮੈਦਾਨ ਖ਼ਾਲੀ ਪਿਆ ਹੈ, ਤਕੱਵਾ ਹੋਣਾ ਚਾਹੀਦਾ ਹੈ ਨ ਇਹ ਕਿ ਤਲਵਾਰ ਚੁੱਕੋ । ਇਹ ਹਰਾਮ ਹੈ । ਜੇਕਰ ਤੁਸੀਂ ਤਕਵਾ ਕਰਨ ਵਾਲੇ ਹੋਵੋਗੇ ਤਾਂ ਸਾਰੀ ਦੁਨੀਆ ਤੁਹਾਡੇ ਹੱਥ ਹੋਵੇਗੀ । ਸੋ, ਤਕੱਵਾ ਪੈਦਾ ਕਰੋ । ਜੋ ਲੋਕ ਸ਼ਰਾਬ ਪੀਂਦੇ ਹਨ ਜਾਂ ਜਿੰਨ੍ਹਾ ਦੇ ਧਰਮ ਵਿੱਚ ਸ਼ਰਾਬ ਜ਼ਰੂਰੀ ਅੰਗ ਹੈ ਉਹਨਾਂ ਨੂੰ ਤਕਵਾ ਨਾਲ ਕੋਈ ਸੰਬੰਧ ਨਹੀਂ ਹੋ ਸਕਦਾ । ਉਹ ਲੋਕ ਨੇਕੀ ਨਾਲ ਜੰਗ ਲੜ ਰਹੇ ਹਨ । ਰੱਬ ਸਾਡੀ ਜਮਾਤ ਨੂੰ ਤੋਫ਼ੀਕ ਦੇਵੇ ਕਿ ਉਹ ਬਦੀਆਂ ਤੋਂ ਜੰਗ ਲੜਨ ਵਾਲੀ ਹੋਵੇ ਅਤੇ ਤਕੱਵਾ (ਸੰਜਮਤਾ) ਤੇ ਪਵਿਤੱਰਤਾ ਦੇ ਖੇਤਰ ਵਿੱਚ ਤਰੱਕੀ ਕਰਨ ਵਾਲੀ ਹੋਵੇ ਇਹੋ ਵੱਡੀ ਸਫ਼ਲਤਾ ਹੈ ਇਸ ਤੋਂ ਵੱਧਕੇ ਕੋਈ ਚੀਜ਼ ਨਹੀਂ ਹੋ ਸਕਦੀ । ਇਸ ਸਮੇਂ ਸਾਰੀ ਦੁਨੀਆ ਦੇ ਧਰਮਾ ਨੂੰ ਦੇਖ ਲਓ ਕਿ ਅਸਲ ਮੰਤਵ 'ਤਕਵਾ' (ਸੰਜਮਤਾ) ਗੁੰਮ (ਲਾਪਤਾ) ਹੈ ਅਤੇ ਦੁਨੀਆ ਦੀਆਂ ਵਜਾਹਤਾਂ ਨੂੰ ਰੱਬ ਬਣਾਇਆ ਹੋਇਆ ਹੈ । ਹਕੀਕੀ ਰੱਬ ਅਲੋਪ ਹੋ ਗਿਆ ਹੈ ਅਤੇ ਸੱਚੇ ਰੱਬ ਦੀ ਹਤੱਕ (ਬੇਅਦਬੀ) ਕੀਤੀ ਜਾਂਦੀ ਹੈ ਪਰ ਹੁਣ ਰੱਬ ਚਾਹੁੰਦਾ ਹੈ ਕਿ ਉਹ ਆਪ ਹੀ ਮੰਨਿਆ ਜਾਵੇ ਅਤੇ ਦੁਨੀਆ ਨੂੰ ਉਸ ਦੀ ਮਆਰਫ਼ਤ ਹੋਵੇ ਜੋ ਲੋਕ ਦੀਨੀਆ ਨੂੰ ਰੱਬ ਸਮਝਦੇ ਹਨ ਉਹ ਸੰਤੋਖੀ ਨਹੀਂ ਹੋ ਸਕਦੇ । ਫ਼ਰਮਾਇਆ ਕਿ ਕਰੜਾ ਪ੍ਰਕੋਪ ਆਉਣ ਵਾਲਾ ਹੈ ਵੱਡੀ ਚਿਤਾਵਨੀ ਹੈ, ਆਪ ਨੇ ਫਰਮਾਇਆ ਉਹ ਮੰਦੇ ਤੇ ਚੰਗੇ ਵਿੱਚ ਅੰਤਰ ਕਰਨ ਵਾਲਾ ਹੈ ।

ਹਜ਼ੂਰ ਨੇ ਫ਼ਰਮਾਇਆ : ਸੋ, ਦੁਨੀਆ ਦੀ ਅੱਜ ਵੀ ਜੋ ਹਾਲਤ ਹੈ ਉਹ ਇਸ ਚਿੰਤਾ ਵਿਚ ਪਾਉਣ ਵਾਲੀ ਹੈ ਕਿ ਦੁਨੀਆ ਦਾ ਅੰਜਾਮ ਕੀ ਹੋਣ ਵਾਲਾ ਹੈ । ਬੀਤੇ ਦਿਨੀ ਇਕ ਸਾਹਬ ਕਹਿਣ ਲੱਗੇ ਕਿ ਬਹੁਤ ਤੇਜ਼ੀ ਨਾਲ ਤਬਾਹੀ ਵੱਲ ਦੁਨੀਆ ਜਾ ਰਹੀ ਹੈ ਤਾਂ ਸਾਡਾ ਕੀ ਹੋਵੇਗਾ ਤਾਂ ਉਸ ਦਾ ਉਤੱਰ ਤਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪਣੇ ਇਖ ਸ਼ੇਅਰ ਵਿਚ ਵੀ ਦੇ ਦਿਤੱਾ ਹੈ ਕਿ :

ਆਗ ਹੈ ਪਰ ਆਗ ਸੇ ਵੋਹ ਸਬ ਬਚਾਏ ਜਾਏਂਗੇ
ਜੋ ਰਖੱਤੇ ਹੈਂ ਖ਼ੁਦਾਏ ਜ਼ੁਲ ਅਜਾਇਬ ਸੇ ਪਿਆਰ

ਸੋ, ਇਹ ਵਾਸਤਵਿਕਤਾ ਹੈ ਕਿ ਅਸੀਂ ਰੱਬ ਨਾਲ ਆਪਣੇ ਸੰਬੰਧ ਮਜ਼ਬੂਤ ਕਰੀਏ ਅਤੇ ਜਿੱਥੇ ਰੱਬ ਦੇ ਹੱਕ ਪੂਰੇ ਕਰੋ ਉਸ ਦੇ ਬੰਦਿਆਂ ਦੇ ਹੱਕ ਵੀ ਪੂਰੇ ਕਰਨ ਵਾਲੇ ਹੋਵੋ । ਉਹਨਾਂ ਉਪਕਾਰਾਂ ਨੂੰ ਪ੍ਰਾਪਤ ਕਰਨ ਦਾ ਜਤਨ ਕਰੋ ਜੋ ਰੱਬ ਦੇ ਦੱਸੇ ਉਸੂਲਾਂ ਹੇਠ ਉਪਕਾਰ ਹਨ ਅਤੇ ਬੁਰਾਈਆਂ ਤੋਂ ਬਚਣ ਦਾ ਜਤਨ ਕਰੋ । ਉਹਨਾ ਬੁਰਾਈਆਂ ਤੋਂ ਬਚਣ ਦਾ ਜਤਨ ਕਰੋ ਜੋ ਰੱਬ ਅਨੁਸਾਰ ਬੁਰਾਈਆਂ ਹਨ ਜਿੰਨ੍ਹਾ ਨੂੰ ਵਿਸਥਾਰ ਨਾਲ ਰੱਬ ਨੇ ਸਾਨੂੰ ਕੁਰਆਨ ਕਰੀਮ ਵਿੱਚ ਵਰਨਣ ਕਰ ਦਿਤੱਾ ਹੈ । ਸਾਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਉਪੱਰ ਈਮਾਨ ਲਿਆਉਣ ਦੇ ਬਾਦ ਆਸਥਾ ਦੇ ਪੱਖੋਂ ਤੇ ਅਮਲਾਂ ਦੇ ਪੱਖੋਂ ਮਜ਼ਬੂਤ ਤੋਂ ਮਜ਼ਬੂਤ ਹੋਣ ਦਾ ਜਤਨ ਕਰਨਾ ਚਾਹੀਦਾ ਹੈ । ਇਹੋ ਚੀਜ਼ਾਂ ਸਾਡੀ ਨਿਜਾਤ (ਮੁਕਤੀ) ਦਾ ਸਬਬ ਹਨ ਅਤੇ ਇਹੋ ਗੱਲਾਂ ਹਨ ਜੋ ਰੱਬ ਨੂੰ ਵੀ ਪਸੰਦ ਹਨ, ਵਰਨਾ ਇਹ ਪੰਜਾਹ ਸਾਲ ਜਾਂ ਪਝੱਤਰ ਸਾਲ ਜਾਂ ਸੌ ਸਾਲ ਜੋ ਜਮਾਤਾਂ ਵਿੱਚ ਆਉਂਦੇ ਹਨ ਇਸ ਇਨਕਲਾਬ ਤੋਂ ਬਿਨਾਂ ਕੋਈ ਚੀਜ਼ ਨਹੀਂ ਹਨ । ਦੁਨੀਆ ਵਾਲੇ ਤਾਂ ਭਾਵੇਂ ਇਹਾਂ ਗਲੱਾਂ'ਤੇ ਖ਼ੁਸ਼ ਹੁੰਦੇ ਹਨ ਪਰ ਦੀਨੀ (ਧਾਰਮਕ) ਜਮਾਤਾਂ ਨਹੀਂ । ਜੇਕਰ ਖ਼ੁਸ਼ੀ ਦਾ ਇਜ਼ਹਾਰ ਇਸ ਲਈ ਹੈ ਕਿ ਅਸੀਂ ਰੱਬ ਦੇ ਆਦੇਸ਼ਾਂ ਉਪੱਰ ਚਲਦਿਆਂ ਹੋਇਆਂ ਤਰੱਕੀ ਕੀਤੀ ਹੈ ਅਤੇ ਭਵਿੱਖ ਵਿੱਚ ਹੋਰ ਜਤਨ ਕਰਾਂਗੇ ਤਾਂ ਇਹ ਇਜ਼ਹਾਰ ਵੀ ਰੱਬ ਲਈ ਸ਼ੁਕਰਾਨਾ ਹੈ ਅਤੇ ਉਚਿਤ ਹੈ ਪਰ ਜੇਕਰ ਸਾਡੇ ਕਦਮ ਹਰ ਪ੍ਰਕਾਰ ਦੀ ਨੇਕੀਆਂ ਵਿੱਚ ਅਗਾਂਹ ਵਧੱਣ ਦੀ ਥਾਂ ਰੁਕ ਗਏ ਹਨ ਜਾਂ ਪਿੱਛੇ ਜਾਣੇ ਸ਼ੁਰੂ ਹੋ ਗਏ ਹਨ ਤਾਂ ਇਹ ਚਿੰਤਾ ਵਾਲੀ ਗੱਲ ਹੈ । ਸੋ, ਸਾਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਗਲੱਾਂ ਨੂੰ ਸਾਹਮਣੇ ਰੱਖਦਿਆਂ ਹੋਇਆਂ ਰੱਬ ਅਤੇ ਉਸਦੇ ਰਸੂਲ ਦੇ ਆਦੇਸ਼ਾਂ ਉਪੱਰ ਅਮਲ ਕਰਨ ਅਤੇ ਪੜਤਾਲ ਕਰਨ ਦੀ ਲੋੜ ਹੈ ਅਤੇ ਇਹ ਹਮੇਸ਼ਾਂ ਜਾਇਜ਼ਾ ਲੈਂਦੇ ਰਹਿਣਾ ਚਾਹੀਦਾ ਹੈ । ਜਿੱਥੇ ਜਮਾਤ ਦੇ ਜੱਦ ਪਝੱਤਰ ਸਾਲ ਪੂਰੇ ਹੋਣ ਤਾਂ ਅਸੀਂ ਕਹਿ ਸਕੀਏ ਕਿ ਅਸੀਂ ਦੀਨ ਨੂੰ ਦੁਨੀਆ ਉਪੱਰ ਪਹਿਲ ਦੇਣ ਦਾ ਜੋ ਪ੍ਰਣ ਕੀਤਾ ਸੀ ਉਸ'ਤੇ ਨ ਕੇਵਲ ਕਾਇਮ ਹਾਂ ਸਗੋਂ ਇਸ ਵਿੱਚ ਤਰੱਕੀ ਕਰਨ ਵਾਲੇ ਹਾਂ । ਅਲੱਾਹ ਤਆਲਾ ਸਾਨੂੰ ਸਾਰਿਆਂ ਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ ।

ਜਲਸੇ ਦੇ ਤਿੰਨ ਦਿਨ ਵਿਸ਼ੇਸ਼ ਰੂਪ ਵਿੱਚ ਦੁਆਵਾਂ ਵਿੱਚ ਬਤੀਤ ਕਰੋ ਅਤੇ ਜਲਸੇ ਦਾ ਜੋ ਉਦੇਸ਼ ਹੈ ਏਥੋਂ ਦੇ ਪ੍ਰੋਗਰਾਮਾ ਨੂੰ ਸੁਨਣ ਦਾ ਉਸ ਦਾ ਭਰਪੂਰ ਹਾਜ਼ਰ ਹੋਕੇ ਉਸ ਨੂੰ ਸੁਣੋ । ਅਲੱਾਹ ਤਆਲਾ ਸਾਰਿਆਂ ਨੂੰ ਇਸ ਦੀ ਵੀ ਤੌਫ਼ੀਕ ਪ੍ਰਦਾਨ ਕਰੇ ।

**Khulasa Khutba Jumma 07.10.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131